ਪੰਜਾਬ ਸਰਕਾਰ
ਸਿਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ
ਐਂਡ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8 ਮੋਹਾਲੀ।

ਮੀਮੋ ਨੰ.2/ 93/2009 - 3ਸਿ3 1060303/1
ਮਿਤੀ, ਚੰਡੀਗੜ੍ਹ: 08/09/2017

ਵਿਸ਼ਾ : **ਸੀ.ਬੀ.ਐਸ.ਈ/ਆਈ. ਸੀ.ਐਸ.ਈ ਨਾਲ ਸਕੂਲਾਂ ਵੱਲੋਂ ਐਫੀਲੀਏਸ਼ਨ ਲੈਣ ਲਈ ਪਾਲਿਸੀ ਬਣਾਉਣ ਬਾਰੇ।**

********

ਪੰਜਾਬ ਸਰਕਾਰ ਦੇ ਪ੍ਰਾਈਵੇਟ ਸਕੂਲਾਂ ਨੂੰ ਸੀ.ਬੀ.ਐਸ.ਈ./ਆਈ.ਸੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਮੀਮੋ ਨੰ: 18/14/84- 5 ਸਿ3/606, ਮਿਤੀ 7.4.1989, ਮੀਮੋ ਨੰ: 2/93/2010- 3ਸਿ3/2391 ਮਿਤੀ 10.9.2010, ਮੀਮੋ ਨੰ 2/93/2009-3ਸਿ3/912 ਮਿਤੀ 20.08.2013 ਅਤੇ 2/93/2009-3ਸਿ3/1045236/1-2 ਮਿਤੀ 18.08.2017 ਅਤੇ ਸਮੇਂ -ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੀ ਲਗਾਤਾਰਤਾ ਵਿਚ ਲਿਖਿਆ ਜਾਂਦਾ ਹੈ ਕਿ:-

1. ਪ੍ਰਾਈਵੇਟ ਸਕੂਲਾਂ ਨੂੰ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਪ੍ਰਤੀ-ਬੇਨਤੀ ਸਿੱਧੇ ਤੌਰ ਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸੀ) ਪੰਜਾਬ ਵਲੋਂ ਪ੍ਰਾਪਤ ਕੀਤੀ ਜਾਵੇ। ਡੀ.ਪੀ.ਆਈ.(ਸੈ.ਸਿ.) ਪੰਜਾਬ ਦੇ ਦਫਤਰ ਵਿਚ ਸਬੰਧਤ ਡੀਲਿੰਗ ਹੈਂਡ ਵਲੋਂ ਪ੍ਰਾਪਤ ਕੀਤੀ ਪ੍ਰਤੀਬੇਨਤੀ ਸਮੇਤ ਨੱਥੀ ਦਸਤਾਵੇਜਾਂ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇ ਕਿ ਦਸਤਾਵੇਜ ਚੈੱਕ ਲਿਸਟ (ਜੋ ਕਿ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ) ਅਤੇ ਹੇਠਾਂ ਲਿਖੀਆਂ ਸ਼ਰਤਾਂ ਲੜੀ ਨੰ.2, 3 ਅਤੇ 4 ਅਨੁਸਾਰ ਤਰਤੀਵਬਾਰ ਹਨ ਜਾਂ ਨਹੀਂ। ਜੇਕਰ ਅਰਜੀ ਤੇ ਜੋ ਕਾਗਜ਼ਾਤ ਘਟ ਪਾਏ ਜਾਂਦੇ ਹਨ, ਉਹਨਾਂ ਬਾਰੇ ਅਰਜੀਕਰਤਾ ਨੂੰ ਇਕੋ ਵਾਰ ਸਾਰੀਆਂ ਉਣਤਾਈਆਂ ਦਸੀਆਂ ਜਾਣ, ਅਗਰ ਅਜਿਹਾ ਨਹੀਂ ਕੀਤਾ ਗਿਆ ਤਾਂ ਇਸ ਦਾ ਸੱਖਤ ਨੋਟਿਸ ਲਿਆ ਜਾਵੇਗਾ। ਜੇਕਰ ਕੇਸ ਵਿਚ ਕੋਈ ਉਣਤਾਈ ਪਾਈ ਜਾਵੇ ਤਾਂ ਪ੍ਰਤੀ ਬੇਨਤੀ ਉਸੇ ਦਿਨ ਹੀ ਸੰਸਥਾ (ਸਕੂਲ) ਨੂੰ ਵਾਪਿਸ ਕੀਤੀ ਜਾਵੇ। ਜੇਕਰ ਕੇਸ ਸਰਤਾਂ ਅਨੁਸਾਰ ਪੂਰਾ ਹੈ ਤਾਂ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਵਲੋਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਤੋਂ ਰਿਪੋਰਟ ਮੰਗੀ ਜਾਵੇ। ਇਹ ਸਾਰੀ ਕਾਰਵਾਈ 15 ਦਿਨਾਂ ਦੇ ਅੰਦਰ-ਅੰਦਰ ਪੂਰੀ ਕੀਤੀ ਜਾਵੇ। ਅਧੂਰੀ ਅਰਜੀ ਸਰਕਾਰ ਜਾਂ ਸਮਰਥ ਅਥਾਰਟੀ ਨੂੰ Put Up ਨਾ ਕੀਤੀ ਜਾਵੇ।